

ਦ੍ਰਿਸ਼ਟੀ ਆਰਸੀ ਜੈਨ ਸਕੂਲ ਵਿਖੇ ਕਰਵਾਏ ਸਮਾਗਮ ਦੌਰਾਨ ਹਾਜ਼ਰ ਪ੍ਰਬੰਧਕ।



ਚੰਡੀਗੜ੍ਹ ਰੋਡ ਸਥਿਤ ਡੀਸੀਐੱਮ ਸਕੂਲ ਵਿਖੇ ਮਨਾਏ ਅਧਿਆਪਕ ਦਿਵਸ ਮੌਕੇ ਪ੍ਰਬੰਧਕ ਅਤੇ ਹੋਰ।



ਜਨਤਾ ਨਗਰ ਸਥਿਤ ਸ਼ਾਲੀਮਾਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਨਾਏ ਅਧਿਆਪਕ ਦਿਵਸ ਮੌਕੇ ਹਾਜ਼ਰ ਪ੍ਰਬੰਧਕ ਅਤੇ ਹੋਰ।



ਲੁਹਾਰਾ ਸਥਿਤ ਕ੍ਰਿਸ਼ਨਾ ਕਾਨਵੈਂਟ ਸਕੂਲ ਵਿਖੇ ਕਰਵਾਏ ਸਮਾਗਮ ਦੌਰਾਨ ਪ੍ਰਬੰਧਕ।




ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਨੇਵਾਲ ਵਿਖੇ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਡਾ. ਮਨਦੀਪ ਕੌਰ।

# ਅਧਿਆਪਕ ਹੀ ਸਮਾਜ ਤੇ ਦੇਸ਼ ਨੂੰ ਦੇ ਸਕਦੈ ਸਹੀ ਸੇਧ : ਬਾਵਾ

## ਜਰਨੈਲ ਹਰੀ ਸਿੰਘ ਨਲੂਆ ਕਲਚਰਲ ਐਂਡ ਵੈੱਲਫੇਅਰ ਸੰਸਥਾ ਵੱਲੋਂ ਸਮਾਗਮ

**ਜਸਵੀਰ ਸਿੰਘ ਬੰਗਾ, ਲੁਧਿਆਣਾ**

ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਅਤੇ ਜਰਨੈਲ ਹਰੀ ਸਿੰਘ ਨਲੂਆ ਕਲਚਰਲ ਐਂਡ ਵੈੱਲਫੇਅਰ ਸੰਸਥਾ ਵੱਲੋਂ ਅਧਿਆਪਕ ਦਿਵਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਿਲਰਗੰਜ ਢੋਲੇਵਾਲ 'ਚ ਅਧਿਆਪਕਾਂ ਦੇ ਸਨਮਾਨ ਲਈ ਸਮਾਗਮ ਕਰਵਾਇਆ ਗਿਆ। ਪ੍ਰਿੰਸੀਪਲ ਗੁਰਵਿੰਦਰ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਸਨਮਾਨ ਸਮਾਗਮ ਦੌਰਾਨ ਉੱਘੀ ਸਮਾਜ ਸੇਵਿਕਾ ਰੁਚੀ ਬਾਵਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸੰਸਥਾ ਦੇ ਪ੍ਰਧਾਨ ਲਖਵੀਰ ਸਿੰਘ ਬੱਦੋਵਾਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਸੈਂਟਰਲ ਬੈਂਕ ਆਫ ਇੰਡੀਆ ਮਿਲਰਗੰਜ, ਸਟੇਟ ਬੈਂਕ ਆਫ ਇੰਡੀਆ ਮਿਲਰਗੰਜ ਅਤੇ ਗੁਲਜ਼ਾਰ ਕੰਪਨੀ ਵੱਲੋਂ ਅਧਿਆਪਕਾਂ ਦੇ ਮਾਣ-ਸਨਮਾਨ 'ਚ ਕੇਕ ਕੱਟਿਆ ਗਿਆ ਅਤੇ ਅਧਿਆਪਕਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ ਗਏ। ਇਸ ਮੌਕੇ ਬਾਵਾ ਨੇ ਅਧਿਆਪਕਾਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਅਧਿਆਪਕ ਦਾ ਰੁਤਬਾ ਬਹੁਤ ਉੱਚਾ ਹੁੰਦਾ ਹੈ। ਸਮਾਜ ਅਤੇ ਦੇਸ਼ ਨੂੰ ਇਕ ਅਧਿਆਪਕ ਹੀ ਸਹੀ ਸੇਧ ਦੇ ਸਕਦਾ ਹੈ, ਇਸ ਲਈ ਸਰਕਾਰ ਅਤੇ ਸਮਾਜ ਦਾ ਇਖਲਾਕੀ ਫ਼ਰਜ਼ ਬਣਦਾ ਹੈ ਕਿ ਹਰੇਕ ਅਧਿਆਪਕ ਨੂੰ ਢੁੱਕਵਾਂ ਮਾਣ-ਸਨਮਾਨ ਅਤੇ ਸਤਿਕਾਰ ਦਿੱਤਾ ਜਾਵੇ। ਇਸ ਮੌਕੇ ਬੱਦੋਵਾਲ ਨੇ ਕਿਹਾ ਕਿ ਅਧਿਆਪਕ ਇਕ ਉਸਤਾਦ ਹੁੰਦਾ ਹੈ। ਇਸ ਮੌਕੇ ਸਟੇਟ ਐਵਾਰਡੀ ਅਧਿਆਪਕ ਸੁਖਦੇਵ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੁਦਰਤ ਇਕ ਮਹਾਨ ਅਧਿਆਪਕ ਹੈ। ਇਸ ਮੌਕੇ ਉਨ੍ਹਾਂ ਦੇਸ਼ ਦੀ ਪਹਿਲੀ ਔਰਤ ਅਧਿਆਪਕਾ ਬੀਬੀ ਸਵਿੱਤਰੀ ਬਾਈ ਫੂਲੇ ਵੱਲੋਂ ਔਰਤਾਂ ਲਈ ਖੋਲ੍ਹੇ ਗਏ ਸਕੂਲਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਸਮਾਜ ਸੇਵੀ ਨਰਿੰਦਰ ਸਿੰਘ ਵਿੱਗ, ਅੰਜੂ ਵਰਮਾ ਅਤੇ ਕਿਰਨ ਸੂਦ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਵੱਡੀ ਗਿਣਤੀ ਵਿਚ ਅਧਿਆਪਕ, ਵਿਦਿਆਰਥੀ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਮੌਜੂਦ ਸਨ। ਇਸ ਮੌਕੇ ਰੁਚੀ ਬਾਵਾ ਵੱਲੋਂ ਸਕੂਲ ਦੀ ਬਿਹਤਰੀ ਲਈ 11,000 ਰੁਪਏ ਭੇਟ ਕੀਤੇ ਗਏ। ਸੰਸਥਾ ਵੱਲੋਂ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ।



ਸਨਮਾਨਿਤ ਕੀਤੇ ਗਏ ਅਧਿਆਪਕਾਂ ਨਾਲ ਰੁਚੀ ਬਾਵਾ, ਲਖਵੀਰ ਸਿੰਘ ਬੱਦੋਵਾਲ, ਸੁਖਦੇਵ ਸਿੰਘ ਅਤੇ ਹੋਰ ਸ਼ਖ਼ਸੀਅਤਾਂ।

## ਸਰਕਾਰੀ ਸਕੂਲ ਸਾਹਨੇਵਾਲ ਵਿਖੇ ਮਨਾਇਆ ਅਧਿਆਪਕ ਦਿਵਸ

**ਲੱਕੀ ਘੁਮੈਤ, ਸਾਹਨੇਵਾਲ/ਲੁਧਿਆਣਾ** : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਨੇਵਾਲ (ਲੜਕੇ) ਵਿਖੇ ਪ੍ਰਿੰਸੀਪਲ ਡਾ. ਮਨਦੀਪ ਕੌਰ ਦੀ ਅਗਵਾਈ ਹੇਠ ਅਧਿਆਪਕ ਦਿਵਸ ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਕਰਵਾਏ ਗਏ ਪ੍ਰੋਗਰਾਮ ਦੀ ਸ਼ੁਰੂਆਤ ਸ਼ੁਰੂਆਤ ਹਰਜਿੰਦਰ ਸਿੰਘ ਦੁਆਰਾ ਕੀਤੀ ਗਈ। ਉਨ੍ਹਾਂ ਭਾਰਤ ਦੇ ਰਾਸ਼ਟਰਪਤੀ ਸਰਵਪੱਲੀ ਰਾਧਾਕ੍ਰਿਸ਼ਨਨ ਦੀ ਜੀਵਨੀ 'ਤੇ ਚਾਨਣਾ ਪਾਉਂਦੇ ਦੱਸਿਆ ਕਿ ਉਨ੍ਹਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਅਤੇ ਅਧਿਆਪਕਾਂ ਦਾ ਹਮੇਸ਼ਾ ਸਤਿਕਾਰ ਕਰਨਾ ਚਾਹੀਦਾ ਹੈ। ਸਕੂਲ ਦੇ ਵਿਦਿਆਰਥੀ ਚਰਨਦਾਸ, ਅਨਮੋਲ ਅਤੇ ਅਭਿਸ਼ੇਕ ਵੱਲੋਂ ਸਵੇਰ ਦੀ ਸਭਾ ਦੌਰਾਨ ਆਪਣੇ ਭਾਸ਼ਣਾਂ ਰਾਹੀਂ ਅਧਿਆਪਕ ਦਿਵਸ 'ਤੇ ਜਾਣਕਾਰੀ ਸਾਂਝੀ ਕੀਤੀ ਗਈ। ਲੈਕਚਰਾਰ ਚਰਨਜੀਤ ਕੌਰ ਨੇ ਗੁਰੂ ਅਤੇ ਚੇਲੇ ਦੇ ਸਬੰਧਾਂ ਨੂੰ ਬਿਆਨ ਕਰਦੀ ਕਵਿਤਾ ਅਤੇ ਕਹਾਣੀ ਸਾਂਝੀ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਗੁਰੂ ਦਾ ਦਰਜਾ ਹਮੇਸ਼ਾਂ ਉੱਚਾ ਹੁੰਦਾ ਹੈ। ਅਖ਼ੀਰ 'ਚ ਸਕੂਲ ਦੇ ਪ੍ਰਿੰਸੀਪਲ ਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕੇ ਆਪਣੇ ਮਾਪਿਆਂ ਦਾ ਹਮੇਸ਼ਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਮਾਤਾ-ਪਿਤਾ ਬੱਚੇ ਦੇ ਪਹਿਲੇ ਗੁਰੂ ਅਤੇ ਅਧਿਆਪਕ ਹਨ।



ਸਪਰਿੰਗ ਡੇਲ ਸਕੂਲ ਵਿਖੇ ਮਨਾਏ ਅਧਿਆਪਕ ਦਿਵਸ ਮੌਕੇ ਚੇਅਰਪਰਸਨ ਅਵਿਨਾਸ਼ ਕੌਰ ਵਾਲੀਆ, ਡਾਇਰੈਕਟਰ ਕਮਲਪ੍ਰੀਤ ਕੌਰ, ਮਨਦੀਪ ਵਾਲੀਆ, ਪ੍ਰਿੰਸੀਪਲ ਅਨਿਲ ਕੁਮਾਰ ਸ਼ਰਮਾ ਤੇ ਸਮੂਹ ਸਟਾਫ ਮੈਂਬਰ।

# ਅਧਿਆਪਕ ਦਿਵਸ ਦੀ ਮਹੱਤਤਾ ਦੱਸੀ

**ਜਸਵੀਰ ਸਿੰਘ ਬੰਗਾ, ਲੁਧਿਆਣਾ**

ਸਪਰਿੰਗ ਡੇਲ ਪਬਲਿਕ ਸਕੂਲ ਵਿਖੇ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰ ਦੀ ਪ੍ਰਾਰਥਨਾ ਸਭਾ 'ਚ ਸਾਰਿਆਂ ਨੂੰ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਸਮੂਹ ਸਟਾਫ ਨੇ ਚੇਅਰਪਰਸਨ ਅਵਿਨਾਸ਼ ਕੌਰ ਵਾਲੀਆ ਅਤੇ ਡਾਇਰੈਕਟਰ ਕਮਲਪ੍ਰੀਤ ਕੌਰ ਨੂੰ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਖੂਬਸੂਰਤ ਗੁਲਦਸਤੇ ਭੇਟ ਕੀਤੇ। ਸਕੂਲ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਅਧਿਆਪਕਾਂ ਨੂੰ ਪੈਵੇਲੀਅਨ ਮਾਲ 'ਚ ਪੰਜਾਬੀ ਫ਼ਿਲਮ ਵੀ ਦਿਖਾਈ ਗਈ। ਚੇਅਰਪਰਸਨ ਅਵਿਨਾਸ਼ ਕੌਰ ਵਾਲੀਆ ਨੇ ਸਮੂਹ ਸਟਾਫ ਨੂੰ ਅਧਿਆਪਕ ਦਿਵਸ ਦੀ ਮੁਬਾਰਕਬਾਦ ਦਿੱਤੀ ਅਤੇ ਸਿੱਖਿਆ ਦੇ ਖੇਤਰ 'ਚ ਨਵੇਂ ਕੀਰਤੀਮਾਨ ਸਥਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾਇਰੈਕਟਰ ਮਨਦੀਪ ਵਾਲੀਆ, ਕਮਲਪ੍ਰੀਤ ਕੌਰ ਅਤੇ ਪ੍ਰਿੰਸੀਪਲ ਅਨਿਲ ਕੁਮਾਰ ਸ਼ਰਮਾ ਨੇ ਸਮੂਹ ਸਟਾਫ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਅਤੇ ਸਿੱਖਿਆ ਦੇ ਖੇਤਰ ਵਿਚ ਸਦਾ ਜਗਮਗਾਉਂਦੇ ਦੀਵੇ ਦੀ ਤਰ੍ਹਾਂ ਰੌਸ਼ਨ ਰਹਿਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਚੇਅਰਪਰਸਨ ਅਵਿਨਾਸ਼ ਕੌਰ ਵਾਲੀਆ ਨੇ ਕਿਹਾ ਕਿ ਮਾਂ ਤੋਂ ਬਾਅਦ ਇਕ ਅਧਿਆਪਕ ਹੀ ਹੈ ਜੋ ਕਿ ਬੱਚਿਆਂ 'ਚ ਪੜ੍ਹਾਈ ਦੇ ਨਾਲ ਨਾਲ ਚੰਗੇ ਗੁਣ ਪੈਦਾ ਕਰਨ ਦਾ ਯਤਨ ਕਰਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਮਾਂ ਦਾ ਕਰਜ਼ ਨਹੀਂ ਉਤਾਰਿਆ ਜਾ ਸਕਦਾ ਉਸੇ ਤਰ੍ਹਾਂ ਅਧਿਆਪਕਾਂ ਦੇ ਯੋਗਦਾਨ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ।



ਪੁਰਾਣਾ ਬਾਜ਼ਾਰ ਸਥਿਤ ਐੱਸਡੀ ਗਰਲਜ਼ ਸਕੂਲ ਵਿਖੇ ਮਨਾਏ ਅਧਿਆਪਕ ਦਿਵਸ ਮੌਕੇ ਹਾਜ਼ਰ ਪ੍ਰਿੰਸੀਪਲ ਰਸ਼ਮੀ ਸਹਿਗਲ ਤੇ ਹੋਰ।



ਸੁਭਾਸ਼ ਨਗਰ ਸਥਿਤ ਓਰੀਐਂਟ ਕਾਨਵੈਂਟ ਸਕੂਲ ਵਿਖੇ ਮਨਾਏ ਗਏ ਅਧਿਆਪਕ ਦਿਵਸ ਮੌਕੇ ਹਾਜ਼ਰ ਪ੍ਰਬੰਧਕ।



ਅਜੀਤ ਨਗਰ ਸਥਿਤ ਸਰੀਨ ਮਾਡਲ ਹਾਈ ਸਕੂਲ ਵਿਖੇ ਕਰਵਾਏ ਸਮਾਗਮ ਦੌਰਾਨ ਪ੍ਰਿੰਸੀਪਲ ਵੀਨਾ ਕੋਹਲੀ ਅਤੇ ਹੋਰ।



ਸੇਖੇਵਾਲ ਸਥਿਤ ਸ੍ਰੀ ਗੁਰੂ ਰਾਮ ਰਾਏ ਸਕੂਲ ਵਿਖੇ ਮਨਾਏ ਅਧਿਆਪਕ ਦਿਵਸ ਮੌਕੇ ਹਾਜ਼ਰ ਪ੍ਰਬੰਧਕ, ਅਧਿਆਪਕ ਅਤੇ ਹੋਰ।



ਪੱਖੋਵਾਲ ਰੋਡ ਸਥਿਤ ਗੀਤਾਜਲੀ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਏ ਸਮਾਗਮ ਦੌਰਾਨ ਜੀਐੱਮ ਪ੍ਰਦੀਪ ਕੁਮਾਰ, ਪ੍ਰਿੰਸੀਪਲ ਸੁਨੈਨਾ ਕਪੂਰ ਅਤੇ ਹੋਰ

## ਜਨਮ ਦਿਨ ਮੁਬਾਰਕ



ਸ਼ੀਵਨਿਆ ਸ਼ਰਮਾ।

## ਵਰ੍ਹੇਗੰਢ ਮੁਬਾਰਕ



ਨੰਬਰਦਾਰ ਮਨਜੀਤ ਸਿੰਘ ਸ਼ਿਮਲਾਪੁਰੀ ਅਤੇ ਪਰਮਜੀਤ ਕੌਰ ਨੂੰ ਵਿਆਹ ਦੀ 3ਵੀਂ ਵਰ੍ਹੇਗੰਢ ਮੁਬਾਰਕ।

ਜਨਮ ਦਿਨ/ਵਰ੍ਹੇਗੰਢ **ਮੁਬਾਰਕ**

ਲੁਧਿਆਣਾ

ਭੇਜਣ ਲਈ ਸੰਪਰਕ ਕਰੋ

bhupinder.basra@punjabi.jagran.com

9815256006

ਜਗਰਾਓਂ

jagraonjagran@gmail.com

9781607000

ਖੰਨਾ

punjabijagranksrai@gmail.com

9814373123

ਇਹ ਫੋਟੋਗ੍ਰਾਫ ਮੁਫ਼ਤ ਛਾਪੇ ਜਾਂਦੇ ਹਨ।




ਸਿੱਖ ਮਿਸ਼ਨਰੀ ਹਾਈ ਸਕੂਲ ਸਲੇਮਟਾਬਰੀ ਵਿਖੇ ਹੋਏ ਸਮਾਗਮ ਮੌਕੇ ਅਧਿਆਪਕਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।

# ਸਿੱਖ ਮਿਸ਼ਨਰੀ ਹਾਈ ਸਕੂਲ ਵਿਖੇ ਕੀਤਾ ਅਧਿਆਪਕਾਂ ਦਾ ਸਨਮਾਨ

**ਪੱਤਰ ਪ੍ਰੇਰਕ, ਲੁਧਿਆਣਾ** : ਸਿੱਖ ਮਿਸ਼ਨਰੀ ਪਬਲਿਕ ਹਾਈ ਸਕੂਲ ਸਲੇਮ ਟਾਬਰੀ ਵਿਚ ਅਧਿਆਪਕ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਰੋਟਰੀ ਕਲੱਬ ਲੁਧਿਆਣਾ ਸਿਟੀ ਵੱਲੋਂ ਛੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ 'ਚ ਇਸ ਸਕੂਲ ਦੀ ਅਧਿਆਪਕਾ ਪਰਮਿੰਦਰ ਕੌਰ, ਰਜਨੀਤ ਕੌਰ, ਪ੍ਰਿੰਸੀਪਲ ਪਰਦੀਪ ਕੌਰ, ਡਾਇਰੈਕਟਰ ਰਣਜੀਤ ਸਿੰਘ ਤੋਂ ਇਲਾਵਾ ਰਾਮਗੜ੍ਹੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਿਲਰਗੰਜ ਦੀ ਪ੍ਰਿੰਸੀਪਲ ਮਨਦੀਪ ਕੌਰ ਅਤੇ ਖ਼ਾਲਸਾ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨ ਦੀ ਪ੍ਰਿੰਸੀਪਲ ਕਰਮਜੀਤ ਕੌਰ ਸ਼ਾਮਲ ਸਨ। ਸਕੂਲ ਵੱਲੋਂ ਪੂਨਮ ਲਤਾ ਨੈਸ਼ਨਲ ਐਵਾਰਡੀ, ਸਤਿੰਦਰ ਕੌਰ ਜ਼ੋਨਲ ਆਰਗੇਨਾਈਜ਼ਰ, ਜਗਜੀਤ ਸਿੰਘ ਦੋਰਾਹਾ, ਪਰਨੀਤ ਕੌਰ ਅਤੇ ਪਰਮਜੀਤ ਕੌਰ ਪ੍ਰਿੰਸੀਪਲ ਸੇਵਾਮੁਕਤ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਰੋਟਰੀ ਕਲੱਬ ਦੇ ਸਕੱਤਰ ਸੁਰਿੰਦਰ ਸਿੰਘ ਕਟਾਰੀਆ, ਮੈਂਬਰ ਸੁਖਦੇਵ ਸਿੰਘ, ਅਜੈਬ ਸਿੰਘ ਦਾ ਵੀ ਸਕੂਲ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਰਣਜੀਤ ਸਿੰਘ ਨੇ ਅਧਿਆਪਕ ਦਿਵਸ ਦੀ ਸਾਰਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਨਮਾਨਿਤ ਕੀਤਾ।

## ਗਰਭਵਤੀ ਸਾਲੀ ਨੂੰ ਕੁੱਟਣ ਤੋਂ ਰੋਕਿਆ ਤਾਂ ਸਾਂਢੂ ਨੇ ਘਰ 'ਤੇ ਕੀਤਾ ਹਮਲਾ

**ਸੁਸ਼ੀਲ ਕੁਮਾਰ ਸ਼ਸ਼ੀ, ਲੁਧਿਆਣਾ** : ਗਰਭਵਤੀ ਸਾਲੀ ਨੂੰ ਕੁੱਟਣ ਤੋਂ ਰੋਕਣ 'ਤੇ ਗੁੱਸੇ 'ਚ ਆਏ ਸਾਂਢੂ ਨੇ ਵਿਅਕਤੀ ਦੇ ਘਰ 'ਤੇ ਸਾਥੀਆਂ ਨਾਲ ਹਮਲਾ ਕਰ ਦਿੱਤਾ। ਇਸ ਮਾਮਲੇ 'ਚ ਥਾਣਾ ਸਦਰ ਦੀ ਪੁਲਿਸ ਨੇ ਪਿੰਡ ਫੁੱਲਾਂਵਾਲ ਦੇ ਰਹਿਣ ਵਾਲੇ ਬੂਟਾ ਸਿੰਘ ਦੇ ਬਿਆਨਾਂ ਉੱਪਰ ਉਸ ਦੇ ਸਾਂਢੂ ਬੀਆਰਐੱਸ ਨਗਰ ਵਾਸੀ ਜਗਦੀਪ ਸਿੰਘ, ਜਗਰੂਪ ਸਿੰਘ, ਜਗਜੀਤ ਸਿੰਘ, ਫਿਰੋਜ਼ਪੁਰ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਅਤੇ ਕਾਕੋਵਾਲ ਰੋਡ ਲੁਧਿਆਣਾ ਦੇ ਵਾਸੀ ਸੋਨੂੰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਬੂਟਾ ਸਿੰਘ ਨੇ ਦੱਸਿਆ ਕਿ ਸਾਲ ਪਹਿਲਾਂ ਉਸ ਦੀ ਸਾਲੀ ਹਰਵਿੰਦਰ ਕੌਰ ਦਾ ਵਿਆਹ ਜਗਦੀਪ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਕੁਝ ਸਮਾਂ ਬਾਅਦ ਹੀ ਉਹ ਲੜਕੀ ਨੂੰ ਤੰਗ ਕਰਨ ਲੱਗ ਪਿਆ। ਬੂਟਾ ਸਿੰਘ ਆਪਣੀ ਸੱਸ ਅਤੇ ਸਾਲੇ ਨੂੰ ਨਾਲ ਲੈ ਕੇ ਜਗਦੀਪ ਨੂੰ ਸਮਝਾਉਣ ਲਈ ਉਸ ਦੇ ਘਰ ਗਿਆ। ਸਮਝਾਉਣ ਦੇ ਬਾਵਜੂਦ ਵੀ ਜਗਦੀਪ ਆਪਣੀ ਗਰਭਵਤੀ ਪਤਨੀ ਨੂੰ ਤੰਗ ਕਰਨ ਤੋਂ ਨਾ ਮੁੜਿਆ। ਜਗਦੀਪ ਨੇ ਘਰ ਗਏ ਬੂਟਾ ਸਿੰਘ ਅਤੇ ਹੋਰ ਵਿਅਕਤੀਆਂ ਨਾਲ ਹੱਥੋਪਾਈ ਕੀਤੀ। ਉਸ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਸਾਰੇ ਮੁਲਜ਼ਮ ਉਨ੍ਹਾਂ ਦੇ ਘਰ ਆਏ ਅਤੇ ਤੇਜ਼ਧਾਰ ਹਥਿਆਰਾਂ ਨਾਲ ਘਰ 'ਤੇ ਹਮਲਾ ਕਰ ਦਿੱਤਾ। ਪੂਰੇ ਪਰਿਵਾਰ ਨੇ ਕਮਰਿਆਂ 'ਚ ਬੰਦ ਹੋ ਕੇ ਆਪਣਾ ਬਚਾਅ ਕੀਤਾ। ਬੂਟਾ ਸਿੰਘ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੇ ਵਿਹੜੇ 'ਚ ਪਈ ਵਾਸ਼ਿੰਗ ਮਸ਼ੀਨ ਅਤੇ ਹੋਰ ਸਾਮਾਨ ਤੋੜ ਦਿੱਤਾ।

# ਪੇਸ਼ਕਾਰੀਆਂ ਨਾਲ ਮੋਹਿਆ ਮਨ

**ਲੱਕੀ ਘੁਮੈਤ, ਸਾਹਨੇਵਾਲ/ਲੁਧਿਆਣਾ**

ਟੈਗੋਰ ਇੰਟਰਨੈਸ਼ਨਲ ਸਕੂਲ ਸਾਹਨੇਵਾਲ ਵਿਖੇ ਅਧਿਆਪਕ ਦਿਵਸ ਦੇ ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਡਾਕਟਰ ਸਰਵਪੱਲੀ ਰਾਧਾ ਕ੍ਰਿਸ਼ਨਨ ਅਤੇ ਹੋਰ ਮਹਾਨ ਸਖਸ਼ੀਅਤਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਕੂਲ ਦੇ ਅਧਿਆਪਕਾਂ ਨੇ ਵੀ ਇਸ ਮੌਕੇ ਅਧਿਆਪਕ ਦਿਵਸ ਦੀ ਮਹੱਤਤਾ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਇਸ ਮੌਕੇ ਅਧਿਆਪਕ ਦਿਵਸ ਨਾਲ ਸਬੰਧਤ ਵੱਖ-ਵੱਖ ਨਾਟਕ ਅਤੇ ਗੀਤ, ਕਵਿਤਾਵਾਂ ਪੇਸ਼ ਕੀਤੀਆਂ। ਸਾਰੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਮੌਕੇ ਵਧਾਈ ਦਿੱਤੀ ਅਤੇ ਨਾਲ ਹੀ ਆਪਣੇ ਹੱਥਾਂ ਨਾਲ ਬਣਾਏ ਹੋਏ ਗਰੀਟਿੰਗ ਕਾਰਡ ਵੀ ਅਰਪਣ ਕੀਤੇ।

ਸਕੂਲ ਦੇ ਪ੍ਰਬੰਧਕ ਬੀਕੇ ਅਨੇਜਾ ਅਤੇ ਡਾਇਰੈਕਟਰ ਸਵਾਤੀ ਅਨੇਜਾ ਨੇ ਸਾਰਿਆਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਅਧਿਆਪਕਾਂ ਦਾ ਸਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਮਾਤਾ-ਪਿਤਾ ਤੋਂ ਬਾਅਦ ਅਧਿਆਪਕ ਹੀ ਹਨ, ਜੋ ਸਾਨੂੰ ਸਹੀ ਰਾਹ ਦਿਖਾਉਂਦੇ ਹਨ ਅਤੇ ਸਾਡੀ ਸਫ਼ਲਤਾ 'ਤੇ ਖ਼ੁਸ਼ ਹੁੰਦੇ ਹਨ। ਸਕੂਲ ਦੀ ਪ੍ਰਬੰਧਕੀ ਟੀਮ ਨੇ ਸਕੂਲ ਦੇ ਪ੍ਰਿੰਸੀਪਲ ਕੁਸਮ ਅਰੋੜਾ ਨਾਲ ਆਪਣੇ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਅਤੇ ਬਾਕੀ ਅਧਿਆਪਕਾਂ ਨੂੰ ਵੀ ਉਨ੍ਹਾਂ ਤੋਂ ਪ੍ਰੇਰਣਾ ਲੈਣ ਦੀ ਸਿੱਖਿਆ ਦਿੱਤੀ।







(ਉੱਪਰ ਤੇ ਹੇਠਾਂ) ਟੈਗੋਰ ਇੰਟਰਨੈਸ਼ਨਲ ਸਕੂਲ ਸਾਹਨੇਵਾਲ ਵਿਖੇ ਅਧਿਆਪਕ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਪੇਸ਼ਕਾਰੀਆਂ ਦਿੰਦੇ ਬੱਚੇ।

ਸ਼ਰਧਾ | ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਯਾਦ 'ਚ ਸਮਾਗਮ

# ਕੀਰਤਨ ਰਾਹੀਂ ਸੰਗਤ ਕੀਤੀ ਨਿਹਾਲ

**ਪਲਵਿੰਦਰ ਸਿੰਘ ਢੁੱਡੀਕੇ, ਲੁਧਿਆਣਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਪਾਰ ਕ੍ਰਿਪਾ ਸਦਕਾ ਭਾਈ ਦਯਾ ਸਿੰਘ ਜੀ ਸੰਤ ਸੇਵਕ ਜਥੇ ਵੱਲੋਂ ਹਰ ਸਾਲ ਵਾਂਗ ਇਸ ਵਾਰ ਵੀ ਪਰਮ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਨਿੱਘੀ ਤੇ ਪਵਿਤਰ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਗੁਰਦੁਆਰਾ ਸਿੰਘ ਸਭਾ ਅਕਾਲ ਸਾਹਿਬ ਪ੍ਰਤਾਪ ਨਗਰ ਵਿਖੇ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਕਰਵਾਇਆ ਗਿਆ। ਪਿਛਲੇ ਦਿਨੀਂ ਆਰੰਭ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੰਪੂਰਨਤਾ ਦੇ ਭੋਗ ਅੰਮ੍ਰਿਤ ਵੇਲੇ ਪਾਏ ਗਏ। ਉਪਰੰਤ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਬੀਬੀ ਉਜਾਗਰ ਕੌਰ (ਰਤਵਾੜਾ ਸਾਹਿਬ ਚੰਡੀਗੜ੍ਹ ਵਾਲਿਆਂ) ਵੱਲੋਂ ਨਿਭਾਈ ਗਈ। ਇਸ ਮੌਕੇ ਜਥੇ ਦੇ ਮੁੱਖ ਸੇਵਾਦਾਰ ਭਾਈ ਕੁਲਬੀਰ ਸਿੰਘ ਨੇ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸੰਤ ਹਰਜਿੰਦਰ ਸਿੰਘ (ਸੰਤ ਆਸ਼ਰਮ ਧਵਲਾਨ ਵਾਲਿਆਂ) ਦੀ ਪ੍ਰੇਰਣਾ ਸਦਕਾ ਜਥੇ ਦੇ ਸਮੁੱਚੇ ਮੈਂਬਰ ਮਹਾਂਪੁਰਸ਼ਾਂ ਦੀ ਯਾਦ 'ਚ ਇਹ ਸੇਵਾ ਨਿਭਾਉਂਦੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁੰਦਨ ਸਿੰਘ ਨਾਗੀ, ਚੇਅਰਮੈਨ ਹਰਜਿੰਦਰ ਸਿੰਘ ਸੰਧੂ, ਨਰਿੰਦਰ ਸਿੰਘ ਉੱਭੀ, ਜੋਗਾ ਸਿੰਘ ਨੇ ਬੀਬੀ ਉਜਾਗਰ ਕੌਰ ਅਤੇ ਉਨ੍ਹਾਂ ਦੇ ਜਥੇ ਦਾ ਧੰਨਵਾਦ ਕਰਦੇ ਹੋਏ ਸਿਰੋਪਾਓ ਭੇਟ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਚਰਨ ਸਿੰਘ ਗੁਰੂ, ਹਰਦੀਪ ਸਿੰਘ ਗੁਰੂ, ਭਾਈ ਚਤਰ ਸਿੰਘ, ਬਲਜੀਤ ਸਿੰਘ, ਊਧਮ ਸਿੰਘ, ਕੁਲਤਾਰ ਸਿੰਘ, ਗੁਰਮੀਤ ਸਿੰਘ ਨਿੱਝਰ, ਪਰਕਾਸ਼ ਸਿੰਘ, ਸਤਵੰਤ ਸਿੰਘ ਮਠਾੜੂ, ਸੁਰਜੀਤ ਸਿੰਘ ਸੰਤ, ਪ੍ਰੇਮ ਸਿੰਘ ਪੀਐੱਸ, ਸੁਖਵੰਤ ਸਿੰਘ ਨਾਗੀ, ਬੀਬੀ ਹਰਮਿੰਦਰ ਕੌਰ ਆਦਿ ਸਣੇ ਵੱਡੀ ਗਿਣਤੀ ਸੰਗਤ ਗੁਰੂ ਘਰ ਨਤਮਸਤਕ ਹੋਈ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



ਸਮਾਗਮ ਦੌਰਾਨ ਕੀਰਤਨ ਦੀ ਹਾਜ਼ਰੀ ਭਰਦੇ ਹੋਏ ਬੀਬੀ ਉਜਾਗਰ ਕੌਰ (ਰਤਵਾੜਾ ਸਾਹਿਬ) ਚੰਡੀਗੜ੍ਹ ਵਾਲੇ ਅਤੇ ਉਨ੍ਹਾਂ ਦਾ ਜਥਾ।

# ਸ਼ਰਧਾ ਸਹਿਤ ਮਨਾਇਆ ਬਾਬਾ ਸ੍ਰੀ ਚੰਦ ਜੀ ਦਾ ਅਵਤਾਰ ਦਿਹਾੜਾ

**ਪੱਤਰ ਪ੍ਰੇਰਕ, ਲੁਧਿਆਣਾ** : ਗੁਰਦੁਆਰਾ ਸ੍ਰੀ ਮਾਤਾ ਸਾਹਿਬ ਕੌਰ ਜੀ (ਮੰਜੀ ਸਾਹਿਬ) ਪਿੰਡ ਜਰਖੜ ਲੁਧਿਆਣਾ ਵਿਖੇ ਬਾਬਾ ਸ੍ਰੀ ਚੰਦ ਜੀ ਦਾ 528 ਵਾਂ ਅਵਤਾਰ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਵੱਖ-ਵੱਖ ਬੁਲਾਰਿਆਂ ਅਤੇ ਪ੍ਰਚਾਰਕਾਂ ਨੇ ਇਸ ਮੌਕੇ ਬਾਬਾ ਸ੍ਰੀ ਚੰਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਵੱਡੀ ਗਿਣਤੀ ਸੰਗਤ ਨੇ ਮੱਥਾ ਟੇਕ ਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਜਿੱਥੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ, ਉੱਥੇ ਸੰਗਤ ਨੂੰ ਵਿਸ਼ੇਸ਼ ਤੌਰ 'ਤੇ ਚੂਰੀ ਦਾ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸ਼ਾਮਲ ਸੰਗਤਾਂ ਤੋਂ ਇਲਾਵਾ ਹਰਪਾਲ ਸਿੰਘ ਲਹਿਲ, ਦਿਲਬਾਗ ਸਿੰਘ, ਤਪਿੰਦਰ ਸਿੰਘ ਗੋਗਾ, ਜਰਨੈਲ ਸਿੰਘ, ਪ੍ਰੀਤ ਮਹਿੰਦਰ ਸਿੰਘ, ਰਣਧੀਰ ਸਿੰਘ, ਸਿੰਗਾਰਾ ਸਿੰਘ, ਜਗਰੂਪ ਸਿੰਘ ਜਰਖੜ, ਸੰਦੀਪ ਸਿੰਘ ਪੰਧੇਰ, ਸਾਹਿਬਜੀਤ ਸਿੰਘ ਸਾਬੀ,ਕਸ਼ਮੀਰਾ ਸਿੰਘ, ਮਾਸਟਰ ਮਨਮੋਹਨ ਸਿੰਘ ਜਮਾਲਪੁਰ, ਸ਼ੇਰ ਸਿੰਘ ਇਆਲੀ, ਕਰਮਜੀਤ ਸਿੰਘ, ਰਜਿੰਦਰ ਸਿੰਘ ਗੋਲਾ ਆਦਿ ਮੌਜੂਦ ਸਨ।



ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ।

## ਕੋਰੋਨਾ ਦੇ 5 ਨਵੇਂ ਮਾਮਲੇ ਆਏ ਸਾਹਮਣੇ

**ਬਸੰਤ ਸਿੰਘ ਰੋੜੀਆਂ, ਲੁਧਿਆਣਾ** : ਸੋਮਵਾਰ ਨੂੰ ਕੋਰੋਨਾ ਦੇ 5 ਨਵੇਂ ਮਾਮਲੇ ਸਾਹਮਣੇ ਆਏ ਹਨ। ਸਿਵਲ ਸਰਜਨ ਲੁਧਿਆਣਾ ਹਿਤਿੰਦਰ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਵੇਂ ਮਾਮਲਿਆਂ 'ਚ ਤਿੰਨ ਮਾਮਲੇ ਜ਼ਿਲ੍ਹਾ ਲੁਧਿਆਣਾ, ਜਦਕਿ ਦੋ ਮਾਮਲੇ ਬਾਹਰਲੇ ਜ਼ਿਲ੍ਹਿਆਂ ਅਤੇ ਰਾਜਾਂ ਨਾਲ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ 'ਚ ਕੋਰੋਨਾ ਪਾਜ਼ੇਟਿਵ ਮਾਮਲਿਆਂ ਦੀ ਕੁੱਲ ਗਿਣਤੀ 1,13,402 'ਤੇ ਪਹੁੰਚ ਗਈ ਹੈ। ਸੋਮਵਾਰ ਨੂੰ 2130 ਸੈਂਪਲ ਜਾਂਚ ਲਈ ਭੇਜੇ ਗਏ ਹਨ।

HDFC BANK
We understand your world

ਸੋਧ

ਮਿਤੀ 14.08.2022 ਨੂੰ 'ਹਿੰਦੁਸਤਾਨ ਟਾਈਮਜ਼' ਅਤੇ 'ਪੰਜਾਬੀ ਜਾਗਰਣ' ਵਿਚ ਪ੍ਰਕਾਸ਼ਿਤ ਹੋਏ **ਪੰਜਾਬ ਕੰਟੇਨਰਜ਼ ਪ੍ਰਾ. ਲਿਮ.** ਦੇ ਖਾਤੇ ਸਬੰਧੀ ਸਾਡੀ ਈ-ਨਿਲਾਮੀ ਵਿਕਰੀ ਸੂਚਨਾ ਦਾ ਹਵਾਲਾ ਲਓ। ਕਿਰਪਾ ਕਰਕੇ **ਬੋਲੀ ਫਾਰਮ ਅਤੇ ਈਐਮਡੀ ਪ੍ਰਾਪਤ ਕਰਨ ਦੀ ਅੰਤਿਮ ਮਿਤੀ ਨੂੰ 05.09.2022 ਨੂੰ ਸ਼ਾਮ 08.00 ਵਜੇ ਤਕ ਦੀ ਬਜਾਏ ਮਿਤੀ 19.09.2022 ਨੂੰ ਸ਼ਾਮ 08.00 ਵਜੇ ਤਕ ਅਤੇ ਈ-ਨਿਲਾਮੀ ਦੀ ਮਿਤੀ/ਸਮਾਂ ਨੂੰ ਮਿਤੀ 07.09.2022 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਦੀ ਬਜਾਏ ਮਿਤੀ 21.09.2022 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 02.00 ਵਜੇ ਵਜੋਂ ਪੜ੍ਹਿਆ ਜਾਵੇ।** ਬਾਕੀ ਸਭ ਕੁਝ ਓਹੀ ਰਹੇਗਾ।

(ਅਧਿਕਾਰਤ ਅਫ਼ਸਰ)

PUBLIC NOTICE

NOTICE TO APPEAR/ATTEND PROCEEDINGS OF DLM & SFC-LDH

Through the publication this is for constructive notice for respondent GUPTA CYCLE INDUSTRIES, 100 LUXMAN NAGAR, NEAR VISHAVKARMA CHOWK, LUDHIANA-141003 (PUNJAB). To appear in person or through Authorized representative before the District level Micro & Small facilitation Council Ludhiana, Industries Centre, Ludhiana On dated 28-07-2022 regarding claim reference petition submitted by claimant JPR ASSOCIATES PVT. LTD. C-77, PHASE-V, FOCAL POINT LUDHIANA-141010 (PB.). Act 2006 bearing Reference no:- MSEFC/DIC/LDH/09/20/782. If respondent still fails of omits to appear as above then arbitration proceeding shall be conducted as per section 23 & 25 of Arbitration & Conciliation Act and award shall also be passed on basis of evidence before it.

For JPR ASSOCIATES PVT LTD.
Auth. Sign/Manager

Member Secretary cum General Manager
District Industries Centre
Industrial Estate, Ludhiana
Phone No. 0161-2540695
Email Id-dicludhiana5@gmall.com
Ludhiana.msefc@gmall.com